*Punjabi*

# Public Libraries

**ਤੁਹਾਡੀ ਜਨਤਕ ਲਾਇਬਰੇਰੀ ਵਿੱਚ ਤੁਹਾਡਾ ਸਵਾਗਤ ਹੈ!**

ਨਿਊ ਸਾਊਥ ਵੇਲਜ਼ ਵਿੱਚ ਜਨਤਕ ਲਾਇਬਰੇਰੀਆਂ ਮੁਫ਼ਤ ਹਨ।

ਆਓ ਅਤੇ ਲੱਭੋ:

- ਬਹੁਤ ਸਾਰੇ ਵਿਸ਼ਿਆਂ ਬਾਰੇ ਕਿਤਾਬਾਂ – ਕਲਾ, ਖੇਡਾਂ, ਸੰਗੀਤ, ਸਾਇੰਸ ਤੇ ਹੋਰ ਵੀ
- ਆਨੰਦ ਮਾਨਣ ਵਾਲੀਆਂ ਕਿਤਾਬਾਂ, ਜਿਵੇਂ ਕਿ ਨਾਵਲ ਅਤੇ ਸਾਹਸੀ ਅਨੁਭਵ ਦੀਆਂ ਕਹਾਣੀਆਂ
- ਰਿਸਾਲੇ, ਅਖ਼ਬਾਰਾਂ, ਡੀ ਵੀ ਡੀ ਅਤੇ ਸੀਡੀਆਂ
- ਬੱਚਿਆਂ ਦੀਆਂ ਕਿਤਾਬਾਂ
- ਅੰਗਰੇਜ਼ੀ ਸਿੱਖਣ ਲਈ ਕਿਤਾਬਾਂ ਅਤੇ ਹੋਰ ਸਾਧਨ
- ਇੰਟਰਨੈੱਟ ਤੱਕ ਪਹੁੰਚ
- ਬਾਲ਼ਗਾਂ ਅਤੇ ਬੱਚਿਆਂ ਲਈ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਕਿਤਾਬਾਂ
- ਅਜਿਹੇ ਸਥਾਨ ਜਿੱਥੇ ਤੁਸੀਂ ਅਧਿਐਨ ਕਰ ਸਕਦੇ ਹੋ, ਜਾਂ ਤੁਸੀਂ ਕੇਵਲ ਬੈਠ ਕੇ ਪੜ੍ਹ ਸਕਦੇ ਹੋ।

ਨਿਊ ਸਾਊਥ ਵੇਲਜ਼ ਦੀ ਪ੍ਰਾਂਤਕ ਲਾਇਬਰੇਰੀ ਤੋਂ ਸਾਰੀਆਂ ਜਨਤਕ ਲਾਇਬਰੇਰੀਆਂ ਰਾਹੀਂ ੪੦ ਤੋਂ ਵੀ ਵੱਧ ਭਾਸ਼ਾਵਾਂ ਵਿੱਚ ਕਿਤਾਬਾਂ ਉਪਲਬਧ ਹਨ। ਜੇਕਰ ਤੁਹਾਡੀ ਲਾਇਬਰੇਰੀ ਦੇ ਖ਼ਾਨਿਆਂ ਵਿੱਚ ਤੁਹਾਡੀ ਭਾਸ਼ਾ ਦੀਆਂ ਕਿਤਾਬਾਂ ਨਹੀਂ ਹਨ ਤਾਂ ਲਾਇਬਰੇਰੀ ਸੰਚਾਲਕ ਨੂੰ ਕਹੋ ਕਿ ਪ੍ਰਾਂਤਕ ਲਾਇਬਰੇਰੀ ਤੋਂ ਤੁਹਾਡੇ ਲਈ ਕੁਝ ਮੰਗਵਾ ਕੇ ਦੇਵੇ।

**ਇਹ ਸੇਵਾ ਮੁਫ਼ਤ ਹੈ।**

ਤੁਸੀਂ ਇਹ ਸਭ ਵੀ ਆਪਣੀ ਸਥਾਨਿਕ ਲਾਇਬਰੇਰੀ ਵਿੱਚ ਪਾਓਗੇ:

- ਤੁਹਾਡੀ ਸਹਾਇਤਾ ਕਰਨ ਲਈ ਲੋਕ ਭਾਂਵੇਂ ਕਿ ਉਹ ਤੁਹਾਡੀ ਭਾਸ਼ਾ ਨਾ ਵੀ ਬੋਲਦੇ ਹੋਣ
- ਹਰ ਉਮਰ ਦੇ ਲੋਕਾਂ ਲਈ ਕਈ ਪ੍ਰਕਾਰ ਦੀਆਂ ਸੇਵਾਵਾਂ ਅਤੇ ਗਤੀਵਿਧੀਆਂ

ਹਫ਼ਤੇ ਦੇ ਦਿਨਾਂ, ਸ਼ਾਮ ਨੂੰ ਅਤੇ ਹਫ਼ਤੇ ਦੇ ਅਖੀਰ ਵਿੱਚ **ਖੁਲਣ ਦਾ ਸਮਾਂ** ਇਕ ਲਾਇਬਰੇਰੀ ਤੋਂ ਦੂਜੀ ਲਾਇਬਰੇਰੀ ਵਾਸਤੇ ਵੱਖ ਹੁੰਦਾ ਹੈ।

**ਮੈਂਬਰ ਬਣਨਾ ਸੌਖਾ ਹੈ।** ਆਪਣੇ ਘਰ ਜਾਂ ਕੰਮ ਦੇ ਨੇੜੇ ਦੀ ਲਾਇਬਰੇਰੀ ਵਿੱਚ ਆਪਣੇ ਨਾਮ ਅਤੇ ਮੌਜੂਦਾ ਪਤੇ ਦਾ ਪਛਾਣ ਪੱਤਰ ਲੈ ਕੇ ਜਾਓ। ਬੱਚਿਆਂ ਨੂੰ ਮੈਂਬਰ ਬਣਨ ਲਈ ਆਮ ਤੌਰ ਤੇ ਮਾਂ ਜਾਂ ਪਿਓ ਦੇ ਹਸਤਾਖ਼ਰ ਦੀ ਲੋੜ ਹੁੰਦੀ ਹੈ।

**ਜਨਤਕ ਲਾਇਬਰੇਰੀਆਂ ਸਭ ਲਈ ਹਨ: ਤੁਸੀਂ, ਤੁਹਾਡੇ ਪਰਵਾਰ ਅਤੇ ਦੋਸਤਾਂ ਲਈ।**

Produced by the State Library of New South Wales

www.sl.nsw.gov.au 2009